# ਬਠਿੰਡਾ ਨਹਿਰ ਮੰਡਲ, ਬਠਿੰਡਾ

ਚੌਥੀ ਮੰਜਿਲ (ਐਕਸਟੈਨਸ਼ਨ ਬਿਲਡਿੰਗ) ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ
ਫੋਨ ਨੰ: 0164-2220158 ਈ ਮੇਲ xencanalbathinda@Yahoo.in

ਨੰਬਰ-1321-22/1-ਡ(ਐਨ.ਓ.ਸੀ.) ਮਿਤੀ-24/02/2021

ਵੱਲ

ਉਪ ਮੰਡਲ ਭੂਮੀ ਰੱਖਿਆ ਅਫਸਰ,
ਬਠਿੰਡਾ।

ਵਿਸ਼ਾ :- ਮੋਘਾ ਬੁਰਜੀ 51500/ਸੱਜਾ ਰਾਏਕੇ ਫੀਡਰ ਤੇ ਜਮੀਨਦੋਜ਼ ਪਾਈਪ ਲਾਈਨ ਪਾਉਣ ਸਬੰਧੀ।

ਹਵਾਲਾ :- ਆਪ ਦੇ ਦਫਤਰ ਦਾ ਪੱਤਰ ਨੰਬਰ 354 ਮਿਤੀ 04.02.2021

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਦਾ ਧਿਆਨ ਦੁਆਕੇ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਮੋਘਾ ਬੁਰਜੀ 51500/ਸੱਜਾ ਰਾਏਕੇ ਫੀਡਰ ਤੋਂ ਜਮੀਨ ਦੋਜ਼ ਪਾਈਪ ਲਾਈਨ ਪਾਉਣ ਸਬੰਧੀ ਐਨ.ਓ.ਸੀ. ਦੀ ਮੰਗ ਕੀਤੀ ਗਈ ਸੀ। ਉਪ ਮੰਡਲ ਅਫਸਰ, ਤਿਉਣਾ ਨਹਿਰ ਉਪ ਮੰਡਲ, ਗਿੱਦੜਬਾਹਾ ਪਾਸੋਂ ਰਿਪੋਰਟ ਲਈ ਗਈ ਜਿਸ ਅਨੁਸਾਰ ਜਮੀਨ ਦੋਜ਼ ਪਾਈਪ ਲਾਈਨ ਹੇਠ ਲਿਖੀਆਂ ਸ਼ਰਤਾਂ ਤਹਿਤ ਦਿੱਤੀ ਜਾਂਦੀ ਹੈ :-

1. ਉਪਰੋਕਤ ਰਾਏਕੇ ਫੀਡਰ ਜਿੱਥੇ ਜਮੀਨ ਦੋਜ਼ ਪਾਈਪ ਲਾਈਨ ਵਿਛਾਈ ਜਾਣੀ ਹੈ, ਨੂੰ ਪਹਿਲਾਂ ਵਾਲੀ ਹਾਲਤ ਵਿੱਚ ਰੱਖਿਆ ਜਾਵੇ।
2. ਇਹ ਯਕੀਨੀ ਬਣਾਇਆ ਜਾਵੇ ਕਿ ਜਮੀਨ ਦੋਜ਼ ਪਾਈਪ ਲਾਈਨ ਪਾਉਣ ਸਮੇਂ ਰਾਏਕੇ ਫੀਡਰ ਦੀ ਪਟੜੀ ਦਾ ਕੋਈ ਨੁਕਸਾਨ ਨਾਂ ਹੋਵੇ। ਅਗਰ ਰਾਏਕੇ ਫੀਡਰ ਦੇ ਬੈਂਕ ਦਾ ਜਾਂ ਹੋਰ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਭਰਪਾਈ ਆਪ ਦੇ ਮਹਿਕਮੇਂ ਵੱਲੋਂ ਕੀਤੀ ਜਾਵੇਗੀ।
3. ਸਰਕਾਰ ਦੀ ਪੋਲਿਸੀ ਅਨੁਸਾਰ ਜੇਕਰ ਸਰ੍ਹਕਾਰੀ ਜਮੀਨ ਲੀਜ਼ ਤੇ ਵਰਤਣ ਲਈ ਕੋਈ ਲੀਜ਼ ਮਨੀ ਲੈਣੀ ਬਣਦੀ ਹੈ ਤਾਂ ਸਬੰਧਤ ਮਹਿਕਮਾਂ ਉਸ ਦੀ ਅਦਾਇਗੀ ਕਰਨ ਲਈ ਪਾਬੰਦ ਹੋਵੇਗਾ।
4. ਇਹ ਜਮੀਨ ਦੋਜ਼ ਪਾਈਪ ਲਾਈਨ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ/ਕ੍ਰਮਚਾਰੀਆਂ ਦੀ ਨਿਗਰਾਨੀ ਵਿੱਚ ਲੰਘਾਈ ਜਾਵੇ।
5. ਜਮੀਨ ਦੋਜ਼ ਪਾਈਪ ਲਾਈਨ ਲੰਘਾਉਣ ਸਮੇਂ ਜੇਕਰ ਕਿਸੇ ਪੱਕੇ ਸਟਰਕਚਰ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਉਸ ਦੀ ਭਰਪਾਈ ਆਪ ਦੇ ਮਹਿਕਮੇ ਵੱਲੋਂ ਕੀਤੀ ਜਾਵੇਗੀ ਅਤੇ ਪਾਈਪ ਲਾਈਨ ਪਾਉਣ ਉਪਰੰਤ ਇਸ ਦੀ ਮਲਕੀਅਤ ਮਹਿਕਮਾਂ ਜਲ ਸਰੋਤ ਵਿਭਾਗ ਦੀ ਹੋਵੇਗੀ।
6. ਜਮੀਨ ਦੋਜ਼ ਪਾਈਪ ਲਾਈਨ ਲੀਕ ਹੋਣ ਕਾਰਨ ਜੇਕਰ ਕੋਈ ਜਾਨੀ/ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੇ ਮਹਿਕਮੇਂ ਦੀ ਹੋਵੇਗੀ।
7. ਮੌਕੇ ਤੇ ਪਾਈਪ ਜਾਂ ਕਿਸੇ ਹੋਰ ਮੈਟੀਰੀਅਲ ਨੂੰ ਕੈਰੀ ਕਰਨ ਲਈ ਹੈਵੀ ਮੈਸ਼ੀਨਰੀ ਲਈ ਰਾਏਕੇ ਫੀਡਰ ਦੀ ਪਟੜੀ ਦੀ ਵਰਤੋਂ ਨਾਂ ਕੀਤੀ ਜਾਵੇ।
8. ਇਹ ਜਮੀਨ ਦੋਜ਼ ਪਾਈਪ ਲਾਈਨ ਮੋਘਾ ਬੁਰਜੀ 51500/ਸੱਜਾ ਰਾਏਕੇ ਫੀਡਰ ਤੋਂ ਜੰਗਲਾਤ ਵਿਭਾਗ ਦੀ ਜਮੀਨ ਵਿੱਚੋਂ ਦੀ ਪਾਈ ਜਾਣੀ ਹੈ। ਇਸ ਲਈ ਜੰਗਲਾਤ ਮਹਿਕਮੇਂ ਤੋਂ ਐਨ.ਓ.ਸੀ. ਪ੍ਰਾਪਤ ਕਰ ਲਈ ਜਾਵੇ ਅਤੇ ਪਾਈਪ ਲਾਈਨ ਲੰਘਾਉਣ ਸਮੇਂ ਜੇਕਰ ਦਰੱਖਤਾਂ ਦੀ ਕਟਾਈ ਕਰਨੀ ਪੈਂਦੀ ਹੈ ਤਾਂ ਉਸ ਸਬੰਧੀ ਜੰਗਲਾਤ ਵਿਭਾਗ ਤੋਂ ਮੰਨਜੂਰੀ ਪ੍ਰਾਪਤ ਕੀਤੀ ਜਾਵੇ।

ਨੱਥੀ/ਮੰਨਜੂਰ ਸੁਦਾ ੲੇ-ਫਾਰਮ ਦੀ ਕਾਪੀ

ਕਾਰਜਕਾਰੀ ਇੰਜੀਨੀਅਰ,
ਬਠਿੰਡਾ ਨਹਿਰ ਮੰਡਲ,
ਬਠਿੰਡਾ।

D.B.
24/2/2021

ਸੀਸੀ

ਉਪ ਮੰਡਲ ਅਫਸਰ, ਤਿਉਣਾ ਨਹਿਰ ਉਪ ਮੰਡਲ, ਗਿੱਦੜਬਾਹਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਮੌਕੇ ਉਪਰ ਦਰਸਾਈਆਂ ਗਈਆਂ ਸ਼ਰਤਾਂ ਦੀ ਇੰਨ ਬਿੰਨ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ।

ਉਪ ਮੰਡਲ ਭੂਮੀ ਰੱਖਿਆ ਅਫਸਰ
ਬਠਿੰਡਾ।

Scanned with CamScanner

**Bathinda Canal Division, Bathinda**
**4th Floor (Extension Building) District Administrative Complex, Bathinda**
Ph. No. 0164-2220158 Email- xencanalbathinda@yahoo.in

No. 1321-22/1-D (N.O.C) Date 24.02 .2021

To

Sub Division Soil Conservation Officer,
Bathinda.

Subject: Under ground pipe line on Mogha Tower 51500/ Right Raike Feeder

Reference: Your office Letter No. 354 dated 04.02.2021

In connection with the above subject and the letter under reference, it is to be noted that you had sought N.O.C. from Mogha Burji 51500/Right Raike Feeder for laying of underground pipeline. A report was obtained from the Sub Divisional Officer, Teiona Canal Sub Division, Gidderbaha according to which the land underground pipeline is given under the following conditions:

1. The above Raike feeder where the under ground pipeline is to be laid should be kept in its original condition.
2. Ensure that there is no damage to the track of Raike feeder during laying of underground pipeline. If there is any loss to the bank of Raike Feeder or any other loss, it will be reimbursed by your department.
3. As per the policy of the government, if any lease money has to be taken for lease use of government land, the concerned departments will be bound to pay it.
4. This land should be passed under the supervision of underground Pipeline Water Resources Department officials / employees.
5. If any permanent structure is damaged during the passage of underground pipeline, it will be compensated by the department itself and after laying of the pipeline it will be owned by the water resources department of the departments.
6. If there is any loss of life or property due to leakage of under ground pipeline then the sole responsibility will be borne by your department.
7. Do not use Raike feeder rails for heavy machinery to carry pipes or any other material on occasion.
8. This Land underground Pipeline Mogha Burji 51500 /Right from Raike Feeder to be found in Forest Department land. Therefore N.O.C should be obtained from the forest department and if trees have to be cut down

ਉਪ ਮੰਡਲ ਭੂਮੀ ਰੱਖਿਆ ਅਫਸਰ
ਬਠਿੰਡਾ ।

Scanned with CamScanner

while passing through the pipeline, approval should be obtained from the forest department.

Attached / copy of Approved Deal A-Form

Executive Engineer,
Bathinda Canal Division,
Bathinda.

CC
Sub Divisional Officer Teona Canal Sub Division, Gidderbaha is written to ensure that the above conditions are complied with.

ਉਪ ਮੰਡਲ ਭੂਮੀ ਰੱਖਿਆ ਅਫਸਰ
ਬਠਿੰਡਾ।

Scanned with CamScanner